Fraser  Early Psychosis Intervention Program

# ਦਵਾਈ

# Medication

## ਅਗੇਤੇ ਸਾਈਕੋਸਿਸ  ਲਈ ਵਰਤੀਆਂ ਜਾਂਦੀਆਂ ਦਵਾਈਆਂ ਦਾ ਸਾਰ

## Summary of medication for early psychosis:

- ਇਲਾਜ ਅਕਸਰ ਕਿਸੇ ਏ-ਟਿਪੀਕਲ ਐਂਟੀਸਾਈਕੋਟਿਕ ਦਵਾਈ atypical antipsychotic medication ਨਾਲ ਸ਼ੁਰੂ ਹੁੰਦਾ ਹੈ।
- ਮਕਸਦ ਲੱਛਣਾਂ ਤੋਂ ਰਾਹਤ (ਛੁਟਕਾਰਾ) ਪਾਉਣਾ ਅਤੇ ਫਿਰ ਬੀਮਾਰ ਹੋਣ ਤੋਂ ਬਚਾਉਣਾ ਹੈ।
- ਦਵਾਈ ਦੀ ਘੱਟ ਤੋਂ ਘੱਟ ਮਾਤਰਾ ਵਰਤੀ ਜਾਂਦੀ ਹੈ ਤਾਂਕਿ ਅਸੁਖਾਵੇਂ ਮਾੜੇ ਅਸਰ ਨਾ ਹੋਣ।

## ਐਂਟੀਸਾਈਕੋਟਿਕ ਦਵਾਈ (Antipsychotic Medication)

ਸਾਈਕੋਸਿਸ ਦੇ ਇਲਾਜ ਲਈ ਦਵਾਈ ਲਾਜ਼ਮੀ ਹੈ। ਇਹ ਸਾਈਕੋਸਿਸ ਦੇ ਲੱਛਣਾਂ ਤੋਂ ਛੁਟਕਾਰਾ ਦਿਵਾਉਂਦੀ ਹੈ ਅਤੇ ਮੁੜ ਬੀਮਾਰ ਹੋਣ ਤੋਂ ਰੋਕਣ ਵਿਚ ਖਾਸ ਮਦਦ ਕਰਦੀ ਹੈ। ਸਾਈਕੋਸਿਸ ਦੇ ਇਲਾਜ ਲਈ ਕਈ ਕਿਸਮ ਦੀਆਂ ਦਵਾਈਆਂ ਮਿਲਦੀਆਂ ਹਨ। ਇਹਨਾਂ ਦਵਾਈਆਂ ਨੂੰ ਐਂਟੀਸਾਈਕੋਟਿਕ Antipsychotic (ਜਾਂ ਕਈ ਵਾਰੀ ਨਿਉਰੋਲੈਪਟਿਕ neuroleptics) ਕਹਿੰਦੇ ਹਨ। ਐਂਟੀਸਾਈਕੋਟਿਕ ਦਵਾਈਆਂ ਨੂੰ ਅਕਸਰ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ:

- ਟਿਪੀਕਲ ਐਂਟੀਸਾਈਕੋਟਿਕਸ typical antipsychotic - ਇਹਨਾਂ ਵਿਚ ਸ਼ਾਮਲ ਹਨ ਹੈਲੋਪੈਰੀਡੋਲ, ਲੋਕਸਾਪੀਨ, ਅਤੇ ਕਈ ਹੋਰ।
- ਏ-ਟਿਪੀਕਲ ਐਂਟੀਸਾਈਕੋਟਿਕ ਦਵਾਈਆਂ atypical antipsychotics - ਇਹਨਾਂ ਵਿਚ ਸ਼ਾਮਲ ਹਨ, ਰਿਸਪੈਰੀਡੋਨ risperidone, ਓਲੈਂਜਾਪੀਨ olanzapine, ਕੋਟਾਇਆਪੀਨ quetiapine, ਜ਼ਿਪਰੈਸੀਡੋਨ ziprasidone ਅਤੇ ਕਲੋਜ਼ਾਪੀਨ clozapine।

## ਐਂਟੀਸਾਈਕੋਟਿਕ ਦਵਾਈਆਂ ਦੇ ਮਾੜੇ ਅਸਰ

## Side Effects of Antipsychotics

ਏ-ਟਿਪੀਕਲ ਐਂਟੀਸਾਈਕੋਟਿਕ atypical antipsychotics ਦਵਾਈ ਪਹਿਲਾਂ ਦਿੱਤੀ ਜਾਂਦੀ ਹੈ ਕਿਉਂਕਿ ਇਹਨਾਂ ਦੇ ਮਾੜੇ ਅਸਰ ਥੋੜ੍ਹੇ ਹਨ। ਵੱਖਰੀਆਂ ਵੱਖਰੀਆਂ ਐਂਟੀਸਾਈਕੋਟਿਕ antipsychotics ਦਵਾਈਆਂ ਦੇ ਮਾੜੇ ਅਸਰ ਵੱਖਰੇ ਵੱਖਰੇ ਹੁੰਦੇ ਹਨ। ਕਈ ਮਾੜੇ ਅਸਰ ਵਕਤ ਪੈ ਕੇ ਘਟ ਜਾਂਦੇ ਹਨ ਅਤੇ ਕਈ ਲੋਕ ਮਾੜੇ ਅਸਰ ਅਨੁਭਵ ਨਹੀਂ ਕਰਦੇ। ਏ-ਟਿਪੀਕਲ ਐਂਟੀਸਾਈਕੋਟਿਕ ਦਵਾਈਆਂ ਦੇ ਕੁੱਝ ਆਮ ਅਸੁਖਾਵੇਂ ਮਾੜੇ ਅਸਰ ਇਹ ਹਨ:

- ਥਕੇਵਾਂ tiredness
- ਮੂੰਹ ਸੁੱਕਣਾ dry mouth
- ਧੁੰਦਲਾ ਦਿਖਾਈ ਦੇਣਾ blurred vision
- ਭਾਰ ਵਧਣਾ weight gain

ਤੁਹਾਡਾ ਈ ਪੀ ਆਈ ਦਾ ਸਾਈਕੈਟਰਿਸਟ (EPI psychiatrist) ਅਤੇ ਚਕਿਤਸਕ  (EPI Clinician) ਤੁਹਾਡੀ ਤੋਂ ਹੋ ਸਕਦੇ ਮਾੜੇ ਅਸਰਾਂ ਤੇ

ਨਜ਼ਰ ਰੱਖਦੇ ਹਨ। ਜੇਕਰ ਮਾੜੇ ਅਸਰ ਹੋਣ ਤਾਂ ਦਵਾਈ ਦੀ ਮਾਤਰਾ ਘਟਾਈ ਜਾ ਸਕਦੀ ਹੈ ਜਾਂ ਦਵਾਈ ਬਦਲੀ ਜਾ ਸਕਦੀ ਹੈ ਤਾਕਿ ਮਾੜੇ ਅਸਰ ਨਾ ਹੋਣ।

## ਐਂਟੀਸਾਈਕੋਟਿਕ ਦਵਾਈਆਂ ਦਾ ਅਸਰ Response to antipsychotic Medication

ਦਵਾਈ ਦੀ ਥੋੜ੍ਹੀ ਖੁਰਾਕ ਨਾਲ ਇਲਾਜ ਸ਼ੁਰੂ ਕੀਤਾ ਜਾਂਦਾ ਹੈ ਜਿਹੜੀ ਕਿ ਫਿਰ ਹੌਲੀ ਹੌਲੀ ਵਕਤ ਪਾ ਕੇ ਵਧਾਈ ਜਾ ਸਕਦੀ ਹੈ। ਇਸ ਨਾਲ ਮਾੜੇ ਅਸਰਾਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਦਵਾਈ ਦਾ ਪੂਰਾ ਅਸਰ ਹੋਣ ਵਿਚ ਵਿਚ ਕਈ ਹਫਤੇ ਹਾਂ ਕਈ ਮਹੀਨੇ ਵੀ ਲੱਗ ਸਕਦੇ ਹਨ।

ਜੇਕਰ ਪਹਿਲੀ ਐਂਟੀਸਾਈਕੋਟਿਕ ਦਵਾਈ ਨਾਲ ਤੱਸਲੀ ਦੇਣ ਵਾਲੇ ਨਤੀਜੇ ਨਹੀਂ ਨਿਕਲਦੇ ਤਦ ਅਕਸਰ ਇਕ ਹੋਰ ਐਂਟੀਸਾਈਕੋਟਿਕ ਦਵਾਈ ਅਜ਼ਮਾਈ ਜਾਵੇਗੀ।

ਜਿਨ੍ਹਾਂ ਤੇ ਕੋਈ ਹੋਰ ਐਂਟੀਸਾਈਕੋਟਿਕ ਦਵਾਈ ਅਸਰ ਨਹੀਂ ਵਖਾਉਂਦੀ ਉਹਨਾਂ ਲੋਕਾਂ ਤੇ ਕਲੋਜ਼ਾਪੀਨ Clozapine ਅਕਸਰ ਅਸਰਦਾਰ ਹੁੰਦੀ ਹੈ।

## ਐਂਟੀਸਾਈਕੋਟਿਕ ਦਵਾਈਆਂ ਨਾਲ ਇਲਾਜ ਦੀ ਮਿਆਦ Duration of Antipsychotic Treatment

ਇਹ ਸਲਾਹ ਦਿੱਤੀ ਜਾਂਦੀ ਹੈ ਕਿ ਸਾਈਕੋਸਿਸ ਦੇ ਲੱਛਣ ਚਲੇ ਜਾਣ ਤੋਂ ਬਾਅਦ ਵੀ ਦਵਾਈ ਖਾਣੀ ਜਾਰੀ ਰੱਖਣੀ ਚਾਹੀਦੀ ਹੈ।

ਜੇਕਰ ਦਵਾਈ ਖਾਣੀ ਬਹੁਤ ਛੇਤੀ ਹੀ ਬੰਦ ਕਰ ਦਿੱਤੀ ਜਾਵੇ ਤਾਂ ਮੁੜ ਕੇ ਬਿਮਾਰ ਹੋ ਜਾਣ ਦਾ ਖਤਰਾ ਬਹੁਤ ਜ਼ਿਆਦਾ ਹੁੰਦਾ ਹੈ।

ਤੁਹਾਨੂੰ ਦਵਾਈ ਕਿੰਨਾਂ ਕੁ ਚਿਰ ਖਾਣੀ ਚਾਹੀਦੀ ਹੈ ਇਸ ਬਾਰੇ ਆਪਣੇ ਈ ਪੀ ਆਈ ਦੇ ਸਾਈਕੈਟਰਿਸਟ ( EPI psychiatrist) ਨਾਲ ਗੱਲ ਕਰੋ।

## ਹੋਰ ਦਵਾਈਆਂ Other Medications

ਹੋ ਸਕਦਾ ਹੈ ਕਿ ਐਂਟੀਸਾਈਕੋਟਿਕ ਦਵਾਈਆਂ ਦੇ ਨਾਲ ਨਾਲ ਹੋਰ ਦਵਾਈਆਂ ਵੀ ਦਿੱਤੀਆਂ ਜਾਣ ਅਤੇ ਇਹ ਇਸਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਰੋਗ ਦੇ ਲੱਛਣ ਕੀ ਹਨ ।

ਜਿਵੇਂ ਕਿ ਮੂਡ ਵਿਚ ਸਮੱਸਿਆ ਹੋਣ ਤੇ ਐਂਟੀਡਿਪਰੈਸੈਂਟ antidepressants ਜਾਂ ਮੂਡ ਸਟੇਬਲਾਈਜ਼ਰ mood stabilizers ਵੀ ਦਿੱਤੀਆਂ ਜਾਣ।

ਜਦ ਕਦੇ ਵੀ ਤੁਹਾਨੂੰ ਦਵਾਈ ਦਿੱਤੀ ਜਾਂਦੀ ਹੈ ਤਾਂ ਇਹ ਪਤਾ ਜ਼ਰੂਰ ਕਰੋ ਕਿ ਇਹ ਕਿਹੜੇ ਲੱਛਣਾਂ ਨੂੰ ਦੂਰ ਕਰਨ ਲਈ ਦਿੱਤੀ ਗਈ ਹੈ ਅਤੇ ਇਸ ਨਾਲ ਕਿਹੜੇ ਮਾੜੇ ਅਸਰ ਸੰਬਧਿਤ ਹਨ।

## ਦਵਾਈ ਖਾਣੀ ਯਾਦ ਰੱਖਣੀ Remembering to take Medication

ਹਰ ਰੋਜ਼ ਦਵਾਈ ਖਾਣ ਬਾਰੇ ਯਾਦ ਰੱਖਣਾ ਔਖਾ ਵੀ ਹੋ ਸਕਦਾ ਹੈ।

ਦਵਾਈ ਨੂੰ ਹਰ ਰੋਜ਼ ਵਰਤਣ ਵਾਲੀ ਚੀਜ਼ ਲਾਗੇ ਰੱਖਣਾ ਵੀ ਕਈ ਲੋਕਾਂ ਲਈ ਸਹਾਈ ਹੁੰਦਾ ਹੈ ( ਜਿਵੇਂ ਕਿ ਦੰਦ ਸਾਫ ਕਰਨ ਵਾਲੇ ਬਰੱਸ਼ ਲਾਗੇ)। ਹੋਰਨਾਂ ਲੋਕਾਂ ਲਈ ਅਜਿਹੀ ਚੀਜ਼, ਜਿਸ ਵਿਚ ਦਿਨਾਂ ਅਤੇ ਹਫਤਿਆਂ ਮੁਤਾਬਕ ਬਣੇ ਖਾਨਿਆਂ ਵਿਚ ਦਵਾਈ ਰੱਖਣੀ ਸਹਾਈ ਹੁੰਦੀ ਹੈ।

ਜੇਕਰ ਤੁਹਾਨੂੰ ਦਵਾਈ ਖਾਣ ਬਾਰੇ ਯਾਦ ਰੱਖਣਾ ਔਖਾ ਲਗੱਦਾ ਹੈ ਤਾਂ ਆਪਣੇ ਈ ਪੀ ਆਈ ਦੇ ਸਾਈਕੈਟਰਿਸਟ (EPI psychiatrist) ਜਾਂ ਚਕਿਤਸਕ (EPI Clinician) ਨਾਲ ਗੱਲ ਕਰੋ ਜਿਹੜਾ ਕਿ ਤੁਹਾਨੂੰ ਅਜਿਹਾ ਤਰੀਕਾ ਲੱਭਣ ਵਿਚ ਮਦਦ ਕਰੇ ਜੋ ਤੁਹਾਡੇ ਲਈ ਸਹਾਈ ਹੋਵੇ।

---

11/21/2004